ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ
ਜਾਂ ਹੋ ਚੁੱਕੇ ਹੋ
ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009

ਰੋਜਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ
Email : lokbani08@gmail.com
19 ਫਰਵਰੀ 2023
ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)




R.N.I. /Punpun/29016/2008/ ● ਸਾਲ : 15 ● ਅੰਕ : 51 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111

## ਪਾਕਿ ਦੇ ਮੰਤਰੀ ਆਸਿ਼ਫ ਨੇ ਪਾਕਿਸਤਾਨ ਦੀਵਾਲੀਆ ਹੋਣ ’ਤੇ ਦੁੱਖ ਜਤਾਇਆ

**ਇਸਲਾਮਾਬਾਦ/ਲੋਕ ਬਾਣੀ**

ਪਾਕਿਸਤਾਨ ਜੋ ਕਿ ਪਹਿਲਾਂ ਹੀ ਆਰਥਿਕ ਤੰਗੀ ਦੇ ਨਾਲ ਜੂਝ ਰਿਹਾ ਹੈ, ਕੀ ਪਾਕਿਸਤਾਨ ਸੱਚਮੁੱਚ ਦੀਵਾਲੀਆ ਹੋ ਚੁੱਕਾ ਹੈ ? ਇਹ ਸਵਾਲ ਪਾਕਿਸਤਾਨ ਦੇ ਰੱਖਿਆ ਮੰਤਰੀ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਚੁੱਕਿਆ ਜਾ ਰਿਹਾ ਹੈ।ਇਸ ਵੀਡੀਓ ਦੇ ਵਿੱਚ ਰੱਖਿਆ ਮੰਤਰੀ ਖਵਾਜਾ ਆਸਿਫ਼ ਪਾਕਿਸਤਾਨ ਨੂੰ ਦੀਵਾਲੀਆ ਦੱਸਦੇ ਹੋਏ ਨਜ਼ਰ ਆ ਰਹੇ ਹਨ। ਦਰਅਸਲ ਪਾਕਿਸਤਾਨ ਦੇ ਰੱਖਿਆ ਮੰਤਰੀ



ਖਵਾਜਾ ਆਸਿਫ਼ ਨੇ ਸਿਆਲਕੋਟ ਵਿੱਚ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਇਹ ਦਾਅਵਾ ਕੀਤਾ ਹੈ । ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਪਹਿਲਾਂ ਹੀ ਦੀਵਾਲੀਆ ਹੈ ਅਤੇ ਅਸੀਂ ਦੀਵਾਲੀਆ ਦੇਸ਼ ਦੇ ਵਿੱਚ ਰਹਿ ਰਹੇ ਹਾਂ। ਹਾਲਾਂਕਿ ਉਨ੍ਹਾਂ ਨੇ ਇਸ ਦੇ ਨਾਲ ਹੀ ਪਾਕਿਸਤਾਨ ਨੂੰ ਮੁੜ ਉਭਰਨ ਦਾ ਤਰੀਕਾ ਵੀ ਸੁਝਾਇਆ।ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਤੁਸੀਂ ਲੋਕਾਂ ਨੂੰ ਇਹ ਗੱਲ ਕਰਦੇ ਸੁਣਿਆ ਹੋਵੇਗਾ ਕਿ ਪਾਕਿਸਤਾਨ ਦੀਵਾਲੀਆ ਹੋ ਗਿਆ ਹੈ,ਆਰਥਿਕ ਮੰਦਹਾਲੀ ਹੋ ਰਹੀ ਹੈ ਅਤੇ ਪਤਾ ਨਹੀਂ ਕਦੋਂ ਦੇਸ਼ ਇਸ ਤੋਂ ਉਭਰ ਸਕੇਗਾ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀ ਮਸ਼ਹੂਰ ਏਆਰਵਾਈ ਨਿਊਜ਼ ਦੇ ਮੁਤਾਬਕ ਪਾਕਿਸਤਾਨ ਦੇ ਰੱਖਿਓ ਮੰਤਰੀ ਨੇ ਕਿਹਾ ਕਿ ਅਜਿਹਾ ਨਹੀਂ ਹੋ ਰਿਹਾ, ਸਗੋਂ ਪਹਿਲਾਂ ਵੀ ਹੋ ਚੁੱਕਾ ਹੈ। ਅਸੀਂ ਇੱਕ ਦੀਵਾਲੀਆ ਦੇਸ਼ ਵਿੱਚ ਰਹਿ ਰਹੇ ਹਾਂ। ਆਪਣੇ ਭਾਸ਼ਣ ਦੇ ਵਿੱਚ ਪਾਕਿਸਤਾਨੀ ਰੱਖਿਆ ਮੰਤਰੀ ਨੇ ਦੇਸ਼ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਦਾ ਤਰੀਕਾ ਵੀ ਸੁਝਾਇਆ।

## ਅੰਮ੍ਰਿਤਪਾਲ ਨੇ ਪ੍ਰਸ਼ਾਸਨ ਨੂੰ ਦਿੱਤੀ ਤਿੱਖੇ ਸੰਘਰਸ਼ ਦੀ ਚੇਤਾਵਨੀ

**ਅੰਮ੍ਰਿਤਸਰ/ਰਵੀ ਸਹਿਗਲ**

ਭਾਈ ਅੰਮ੍ਰਿਤਪਾਲ ਸਿੰਘ ਨੇ ਐਲਾਨ ਕੀਤਾ ਕੱਲ੍ਹ ਤੱਕ ਅਜਨਾਲਾ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਸਾਡੇ ਸਾਥੀ ਜੇਕਰ ਨਾ ਛੱਡੇ ਗਏ ਤਾਂ ਦੀਪ ਸਿੱਧੂ



ਦੀ ਬਰਸੀ ਮੌਕੇ ਤਿੱਖੇ ਸੰਘਰਸ਼ ਦਾ ਫ਼ੈਸਲਾ ਕੀਤਾ ਜਾਵੇਗਾ। ਦੀਪ ਸਿੱਧੂ ਦੀ ਬਰਸੀ ਭਲਕੇ ਪਿੰਡ ਬੁੱਧ ਸਿੰਘ ਵਾਲਾ ਵਿਖੇ ਹਰ ਹਾਲ ਵਿਚ ਮਨਾਈ ਜਾਵੇਗੀ।

## ਮਾਨ ਦੇ ਘਰ ਦੇ ਬਾਹਰ ਅਧਿਆਪਕ ਤੇ ਪੁਲਿਸ ਵਾਲੇ ਹੋਏ ਆਹਮੋ-ਸਾਹਮਣੇ

**ਸੰਗਰੂਰ/ਲੋਕ ਬਾਣੀ**

ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਅੱਗੇ 4161 ਅਧਿਆਪਕ ਯੂਨੀਅਨ ਅਤੇ ਪੁਲਿਸ ਵਿਚਾਲੇ ਦੱਬ ਕੇ ਧੱਕਾ ਮੁੱਕੀ ਹੋਈ, ਜਿਸ ਦੇ ਚੱਲਦਿਆਂ ਪੁਲਿਸ ਵਲੋਂ ਕੀਤੇ ਹਲਕੇ ਲਾਠੀ ਚਾਰਜ ਦੌਰਾਨ 3 ਅਧਿਆਪਕ ਜ਼ਖ਼ਮੀ ਹੋਏ ਹਨ ਅਤੇ ਕਈਆਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ।

## ਉਤਰ ਕੋਰੀਆ ਨੇ ਸਮੁੰਦਰ ਵਿੱਚ ਦਾਗੀ ਬੈਲਿਸਟਿਕ ਮਿਜ਼ਾਈਲ



**ਸਿਓਲ (ਦੱਖਣੀ ਕੋਰੀਆ)/ ਲੋਕ ਬਾਣੀ**

ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਦੱਖਣੀ ਕੋਰੀਆ ਦੇ ਸੰਯੁਕਤ ਚੀਫ਼ ਆਫ਼ ਸਟਾਫ ਨੇ ਕਿਹਾ ਕਿ ਉੱਤਰੀ ਕੋਰੀਆ ਨੇ ਆਪਣੇ ਪੂਰਬੀ ਤੱਟ ਤੋਂ ਸਮੁੰਦਰ ਵੱਲ ਇੱਕ ਬੈਲਿਸਟਿਕ ਮਿਜ਼ਾਈਲ ਦਾਗੀ ਹੈ। ਉੱਤਰੀ ਕੋਰੀਆ ਦਾ ਇਹ ਕਦਮ ਅਗਲੇ ਹਫ਼ਤੇ ਵਾਸ਼ਿੰਗਟਨ ’ਚ ਹੋਣ ਵਾਲੇ ਅਮਰੀਕਾ-ਦੱਖਣੀ ਕੋਰੀਆ ਦੇ ਸੰਯੁਕਤ ਅਭਿਆਸ ਤੋਂ ਪਹਿਲਾਂ ਆਇਆ ਹੈ।

## ਜੰਮੂ ਕਸ਼ਮੀਰ ’ਚ ਸੜਕ ਹਾਦਸੇ ਦੌਰਾਨ 2 ਦੀ ਮੌਤ, 19 ਜਖਮੀ

**ਰਿਆਸੀ/ਲੋਕ ਬਾਣੀ**

ਜੰਮੂ ਅਤੇ ਕਸ਼ਮੀਰ ਦੇ ਰਿਆਸੀ ’ਚ ਪੈਂਦੇ ਆਲੀਆ ਇਲਾਕੇ ’ਚ ਬੱਸ ਦੇ ਖੱਡ ’ਚ ਡਿਗਣ ਕਾਰਨ 2 ਯਾਤਰੀਆਂ ਦੀ ਮੌਤ ਹੋ ਗਈ, ਜਦਕਿ 19 ਜ਼ਖ਼ਮੀ ਹੋ ਗਏ।



## ਅਸਾਮ ਵਿੱਚ ਫੜਿਆ ਪੁਲਿਸ ਨੇ ਕਰੋੜਾਂ ਦਾ ਗਾਂਜਾ

**ਦਿੱਲੀ/ਕਪੂਰ**

ਅਸਾਮ ਪੁਲਿਸ ਨੇ ਤ੍ਰਿਪੁਰਾ ਵਾਲੇ ਪਾਸਿਓਂ ਆ ਰਹੇ ਟਰੱਕ ਚੋਂ 1020 ਕਿਲੋ ਗਾਂਜਾ ਬਰਾਮਦ ਕੀਤਾ ਹੈ। ਟਰੱਕ ਦੇ ਡਰਾਈਵਰ ਦੀ ਪਛਾਣ ਬਿਪਲਬ ਦਾਸ ਵਜੋਂ ਹੋਈ ਹੈ।



ਚੁਰਾਈਬਾੜੀ ਪੁਲਿਸ ਚੌਂਕੀ ਦੇ ਇੰਚਾਰਜ ਨਿਰੰਜਨ ਦਾਸ ਨੇ ਦੱਸਿਆ ਕਿ ਜ਼ਬਤ ਕੀਤੇ ਗਏ ਗਾਂਜੇ ਦੀ ਬਾਜ਼ਾਰੀ ਕੀਮਤ 1.02 ਕਰੋੜ ਰੁਪਏ ਹੈ।

## ਫਿਰੌਤੀ ਮੰਗਣ ਵਾਲਿਆਂ ਦੇ ਤਾਰ ਜੇਲ੍ਹ ਨਾਲ ਜੁੜੇ

**ਬਠਿੰਡਾ/ਲੋਕ ਬਾਣੀ**

ਪਿਛਲੇ ਦਿਨੀਂ ਬਠਿੰਡਾ ਸ਼ਹਿਰ ਅਤੇ ਪਿੰਡ ਪੱਕਾ ਕਲਾਂ ਦੇ ਦੋ ਵਪਾਰੀਆਂ ਨੂੰ ਫੋਨ ਕਰਕੇ 20 ਅਤੇ ਪੱਚੀ ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ ਵਿਚ ਸੀ ਆਈ ਸਟਾਫ ਬਠਿੰਡਾ ਵੱਲੋਂ ਕਾਰਵਾਈ ਕਰਦੇ ਹੋਏ ਦੋ ਗੈਂਗਸਟਰ ਨੂੰ ਗ੍ਰਿਫਤਾਰ ਕਰਕੇ 4 ਲੋਕਾਂ ਖਿਲਾਫ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਐਸਐਸਪੀ ਬਠਿੰਡਾ ਜੇ ਐਲਨਚੇਜ਼ੀਅਨ ਨੇ ਦੱਸਿਆ ਕਿ ਬਠਿੰਡਾ ਦੇ ਪਿੰਡ ਪੱਕਾ ਕਲਾਂ ਦੇ ਵਾਸੀ ਹਰਪ੍ਰੀਤ ਸਿੰਘ ਤੋਂ ਵਹਟਸੱਪ ਕਾਲ ਰਾਹੀਂ ਵੀ ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ ਅਤੇ ਇਸ ਦੌਰਾਨ ਹੀ ਬਠਿੰਡਾ ਦੇ ਇਕ ਕਾਰੋਬਾਰੀ ਤੋਂ ਵੀ 25 ਲੱਖ ਰੁਪਏ ਵਟਸਐਪ ਰਾਹੀਂ ਮੰਗੇ ਗਏ ਸਨ ਪੁਲਿਸ ਨੇ ਦੋਵ ਮਾਮਲਿਆਂ ਵਿਚ ਮਾਮਲਾ ਦਰਜ ਕਰ ਕੇ ਜਦੋਂ ਕਾਰਵਾਈ ਕੀਤੀ ਗਈ ਤਾਂ ਇਹ ਗੱਲ ਸਾਹਮਣੇ ਆਈ ਕਿ ਟੈਸਟ ਸੁਖਦੀਪ ਸਿੰਘ ਉਰਫ ਸੁੱਖਾ ਵਾਸੀ ਤਖਤ ਮੱਲ ਜ਼ਿਲ੍ਹਾ ਸਰਸਾ ਹਰਿਆਣਾ ਅਤੇ ਲਾਭ ਪ੍ਰੀਤ ਉਰਫ ਲੱਭੀ ਵਾਸੀ ਭੁਚੋ ਕਲਾਂ ਜਿਲ੍ਹਾ ਬਠਿੰਡਾ ਵੱਲੋਂ ਵਪਾਰੀਆਂ ਦੀ ਰੇਕੀ ਕਰਕੇ ਮੋਬਾਇਲ ਨੰਬਰ ਗੈਂਗਸਟਰਾਂ ਨੂੰ ਉਪਲੱਬਧ ਕਰਾਏ ਸਨ।

## ਠੇਕਾ ਮੁਲਾਜ਼ਮ ਹੁਣ ਸਰਕਾਰ ਖਿਲਾਫ ਬੋਲੇ ਖੁੱਲ੍ਹ ਕੇ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪਾਵਰਕਾਮ ਐਡ ਟ ?ਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਜੋਨ ਬਠਿੰਡਾ ਦੀ ਅਹਿਮ ਮੀਟਿੰਗ ਰਾਜੇਸ਼ ਕੁਮਾਰ ਮੌੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਬ-ਡਵੀਜ਼ਨ ਤੇ ਡਵੀਜ਼ਨ/ਸਰਕਲ ਆਗੂਆਂ ਨੇ ਸਮੂਹਲੀਅਤ ਕੀਤੀ । ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਜੋਨ ਕਨਵੀਨਰ ਹਰਜਿੰਦਰ ਸਿੰਘ ਰਾਕੇਸ਼ ਕੁਮਾਰ ਲੰਬੀ ਨੇ ਦੱਸਿਆ ਕਿ ਆਪਣੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ । ਮਿਤੀ 7 ਫਰਵਰੀ 2023 ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਸੂਬਾ ਪੱਧਰੀ ਧਰਨਾ ਪ੍ਰਦਰਸ਼ਨ ਮੁੱਖ ਮੰਤਰੀ ਪੰਜਾਬ ਦੀ ਰਹਾਇਸ ਅੱਗੇ ਕੀਤਾ ਗਿਆ ਸੀ ਧਰਨੇ ਪ੍ਰਦਰਸ਼ਨ ਦੋਰਾਨ ਪ੍ਰਸਾਸਨ ਵਲੋਂ ਮਿਤੀ 23 ਫਰਵਰੀ 2023 ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਫਿਕਸ ਕਰਵਾਈ ਗਈ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111